# ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ, ਪੰਜਾਬ ਐਸ.ਏ.ਐਸ ਨਗਰ
## (ਬਜਟ ਸ਼ਾਖਾ)

**ਈ-ਮੇਲ ਰਾਹੀ:**
**ਅਤਿ ਜਰੂਰੀ:**
ਸੇਵਾ ਵਿਖੇ,

1. ਡਾਇਰੈਕਟਰ ਸਿੱਖਿਆ ਵਿਭਾਗ(ਐ:ਸਿ:) ਪੰਜਾਬ
2. ਡਾਇਰੈਕਟਰ, ਐਸ.ਸੀ.ਈ.ਆਰ.ਟੀ, ਪੰਜਾਬ
3. ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿ:)
4. ਸਮੂਹ ਸਕੂਲ ਮੁੱਖੀ/ਡੀ.ਡੀ.ਓਜ਼
   ਸਰਕਾਰੀ ਹਾਈ/ਸੀਨੀਅਰ ਸੈਕੰਡਰੀ ਸਕੂਲਜ਼

ਮੀਮ ਨੰ: E-109420 ਬਜਟ(4) /202325974 49-9752
ਮਿਤੀ: 15-9-23

ਵਿਸ਼ਾ:- ਬਿਜਲੀ ਬਿੱਲਾਂ ਦੀ ਬਕਾਇਆ ਖੜੀ ਰਕਮ ਜਮਾਂ ਕਰਵਾਉਣ ਸਬੰਧੀ।

ਹਵਾਲਾ:- ਪੀ.ਐਸ.ਪੀ.ਸੀ.ਐਲ ਦੇ ਪੱਤਰ ਨੰ: 1084/CAO/GoP-101 ਮਿਤੀ 08-09-2023 ਅਤੇ ਪਹਿਲਾਂ ਭੇਜੇ ਪੀ.ਐਸ.ਪੀ.ਸੀ.ਐਲ ਪਟਿਆਲਾ ਦੇ ਪੱਤਰ ਨੰ: 220/GOP-101 ਮਿਤੀ 14-03-2023 ਅਤੇ ਵਿਭਾਗ ਦੇ ਪੱਤਰ ਨੰ: E-109420 ਬਜਟ (4)/202397671-672 ਮਿਤੀ 3/04/2023 ਅਤੇ ਪੱਤਰ ਨੰ: E-109420 ਬਜਟ (4)/2023109042-044 ਮਿਤੀ 17-04-2023 ਦੇ ਸਬੰਧ ਵਿੱਚ।

***********

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰਾਂ ਰਾਹੀਂ ਮੁੱਖ ਲੇਖਾ ਅਫਸਰ, ਮਾਲ ਪੀ.ਐਸ.ਪੀ.ਸੀ.ਐਲ ਪਟਿਆਲਾ ਵੱਲੋਂ ਸਰਕਾਰੀ ਸਕੂਲਾਂ ਦੇ ਪੈਂਡਿੰਗ ਬਿਜਲੀ ਬਿੱਲਾਂ ਦੀ ਅਦਾਇਗੀ ਕਰਨ ਲਈ ਕਿਹਾ ਗਿਆ ਹੈ।

ਜਿਨਾਂ ਖਾਤਿਆਂ ਵਿੱਚ ਉਹਨਾਂ ਵੱਲੋਂ ਮਿਤੀ 31-03-2023 ਤੋਂ ਬਾਅਦ ਕੋਈ ਵੀ ਅਦਾਇਗੀ ਨਹੀਂ ਕੀਤੀ ਗਈ ਹੈ, ਦੀ ਲਿਸਟ ਵੀ ਭੇਜੀ ਗਈ ਹੈ। ਇਸ ਤੋਂ ਪਹਿਲਾਂ ਵੀ ਹਵਾਲਾ ਅਧੀਨ ਪੱਤਰਾਂ ਨਾਲ ਪੈਂਡਿੰਗ ਬਿੱਲਾਂ ਦੀਆਂ Excel Sheet ਦੀ ਲਿਸਟ ਭੇਜੀ ਗਈ ਸੀ ਜਿਸ ਸਬੰਧੀ ਆਪ ਵੱਲੋਂ ਕੋਈ ਵੀ ਰਿਪੋਰਟ ਨਹੀਂ ਭੇਜੀ ਗਈ ਹੈ।

ਮਾਨਯੋਗ ਸਕੱਤਰ ਸਕੂਲ ਸਿੱਖਿਆ ਜੀ ਵੱਲੋਂ ਪੀ.ਐਸ.ਪੀ.ਸੀ.ਐਲ ਦੇ ਪੱਤਰ ਨੰ: 1084/CAO/GoP-101 ਮਿਤੀ 08-09-2023 ਭੇਜ ਕੇ ਰਿਪੋਰਟ ਦੀ ਮੰਗ ਅੱਜ ਹੀ ਕੀਤੀ ਹੈ।

ਡੀ.ਡੀ.ਓਜ਼ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਸਕੂਲ ਦੇ ਬਿਜਲੀ ਬਿੱਲ ਨੂੰ ਆਪਣੇ ਏਰੀਏ ਦੇ ਪੀ.ਐਸ.ਪੀ.ਸੀ.ਐਲ ਦੇ ਮੰਡਲ ਦਫਤਰ ਜਾਂ ਉਪ ਮੰਡਲ ਦਫਤਰ ਜਾ ਕੇ ਰੀ-ਕੰਨਸਾਈਲ ਵੀ ਕੀਤਾ ਜਾਵੇ ਅਤੇ ਲਿਸਟ ਵਿੱਚੋਂ ਆਪਣੇ ਸਕੂਲ ਦਾ ਨਾਮ ਕਟਵਾਇਆ ਜਾਵੇ।

ਇਸ ਲਈ ਜਿਲਾ ਸਿੱਖਿਆ ਅਫਸਰਾਂ ਨੂੰ ਲਿਖਿਆ ਜਾਂਦਾ ਹੈ ਕਿ ਆਪਣੀ ਜਿੰਮੇਵਾਰੀ ਨਾਲ ਬਿੱਲ ਕਲੀਅਰ ਕਰਵਾ ਕੇ ਸਕੂਲ ਵਾਈਜ਼ ਰਿਪੋਰਟ ਤਿਆਰ ਕਰਕੇ ਇਸ ਦਫਤਰ ਨੂੰ **ਅੱਜ ਮਿਤੀ 15-09-2023 ਦੁਪਹਿਰ 3.00 ਵਜੇ ਤੱਕ ਹਰ ਹਾਲਤ ਵਿੱਚ ਭੇਜਣੀ ਯਕੀਨੀ ਬਣਾਈ ਜਾਵੇ ਤਾਂ ਜੋ** ਇਸ ਸਬੰਧੀ ਰਿਪੋਰਟ ਮਾਨਯੋਗ ਸਕੱਤਰ ਸਕੂਲ ਸਿੱਖਿਆ ਜੀ ਅਤੇ ਪੀ.ਐਸ.ਪੀ.ਸੀ.ਐਲ ਨੂੰ ਭੇਜੀ ਜਾ ਸਕੇ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

15/09/23
**ਸੁਪਰਡੰਟ ਬਜਟ**